ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

**ਦਫਤਰੀ ਹੁਕਮ**

ਨੰ: 4ਐਮਈ 2-ਪੰ:-15/ 6781 ਮਿਤੀ, ਚੰਡੀਗੜ੍ਹ:- 29-04-15

ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਿਸਾਂ ਨੂੰ ਪਰਵਾਨ ਕਰਦੇ ਹੋਏ ਹੇਠ ਲਿਖੇ ਲਿਫਟਮੈਨ ਕਰਮਚਾਰੀਆਂ ਦੀ ਤਰੱਕੀ ਬਤੌਰ ਇਲੈਕਟ੍ਰੀਸੀਅਨ ਗ੍ਰੇਡ-3 ਤਨਖਾਹ ਸਕੇਲ ਰੁਪਏ 5910-20200 ਜਮਾ 1900 ਰੁਪਏ ਗਰੇਡ ਪੇ ਵਿਚ ਵਿਭਾਗ ਦੀ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੇ ਡਰਾਫਟ ਰੂਲਾਂ ਵਿਚ ਦਰਜ ਉਪਬੰਧਾਂ ਦੇ ਤਹਿਤ ਆਰਜੀ ਤੌਰ ਤੇ ਕੀਤੀ ਜਾਂਦੀ ਹੈ ਅਤੇ ਕਰਮਚਾਰੀਆਂ ਦੀ ਤਰੱਕੀ ਉਪਰੰਤ ਤੈਨਾਤੀ ਉਹਨਾਂ ਦੇ ਨਾਵਾਂ ਸਾਹਮਣੇ ਦਰਸਈ ਸੰਸਥਾਵਾਂ ਵਿਖੇ ਕੀਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ/ ਕਰਮਚਾਰਨ ਦਾ ਨਾਂ ਅਤੇ ਮੌਜੂਦਾ ਤੈਨਾਤੀ ਦੀ ਥਾਂ ਤੇ | ਤਰੱਕੀ ਉਪਰੰਤ ਤੈਨਾਤੀ ਦੀ ਥਾਂ | ਵਿਸੇਸ ਕਥਨ |
|---|---|---|---|
| 1 | ਸ੍ਰੀ ਰਾਜਵਿੰਦਰ ਸਿੰਘ, ਲਿਫਟਮੈਨ, ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿੰਤਸਰ | ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿੰਤਸਰ | ਖਾਲੀ ਅਸਾਮੀ ਵਿਰੁੱਧ |
| 2 | ਸ੍ਰੀ ਧਰਮਪਾਲ, ਲਿਫਟਮੈਨ, ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿੰਤਸਰ | ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿੰਤਸਰ | ਖਾਲੀ ਅਸਾਮੀ ਵਿਰੁੱਧ |
| 3 | ਸ੍ਰੀ ਹਰਦੇਵ ਸਿੰਘ, ਲਿਫਟਮੈਨ, ਰਾਜਿੰਦਰਾ ਹਸਪਤਾਲ, ਪਟਿਆਲਾ | ਰਾਜਿੰਦਰਾ ਹਸਪਤਾਂਲ, ਪਟਿਆਲਾ | ਖਾਲੀ ਅਸਾਮੀ ਵਿਰੁੱਧ |
| 4 | ਸ੍ਰੀ ਰਤਨ ਕੁਮਾਰ, ਲਿਫਟਮੈਨ, ਰਾਜਿੰਦਰਾ ਹਸਪਤਾਲ, ਪਟਿਆਲਾ | ਰਾਜਿੰਦਰਾ ਹਸਪਤਾਲ, ਪਟਿਆਲਾ | ਖਾਲੀ ਅਸਾਮੀ ਵਿਰੁੱਧ |

ਇਹ ਪੱਦ-ਉਨਤੀਆਂ ਹੇਠ ਦਰਸਾਈਆਂ ਗਈਆਂ ਸਰਤਾਂ ਤੇ ਹੋਣਗੀਆਂ:

1. ਕਰਮਚਾਰੀ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮੇਂ ਉਤੇ ਰਖਿਆ ਜਾਂਦਾ ਹੈ ।
2. ਇਹ ਤੱਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀਆਂ ਹਨ, ਇਹ ਪੱਦ ਉਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਮੁੜ ਵਿਚਾਰਿਆ ਜਾਂ ਸਕਦੀਆਂ ਹਨ।
3. ਇਹ ਹੁਕਮ 85 ਵੀਂ ਸਵਿਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋਂ ਲਏ ਗਏ ਫੈਸਲੇ ਤੇ ਅਧਾਰਤ ਹੋਣਗੇ।
4. ਇਹ ਹੁਕਮ ਵਖ-2 ਅਦਾਲਤਾਂ ਵਿਚ ਚਲ ਰਹੇ ਕੋਰਟ ਕੇਸਾਂ ਵਿਚ ਹੋਣ ਵਾਲੇ ਫੈਸਲਿਆਂ ਜਾ ਰਿਕਾਰਡ ਦੇ ਆਧਾਰ ਤੇ ਜਾਂ ਸੀਨੀਆਰਤਾ ਬਾਰੇ ਜਾਂ ਕੋਈ ਹੋਰ ਨਵੇਂ ਤਥ/ ਰਿਕਾਰਡ ਕਿਸੇ ਕਰਮਚਾਰੀ ਬਾਰੇ ਧਿਆਨ ਵਿਚ ਆਉਦੇਂ ਹਨ ਜਾਂ ਲਿਆਂਦੇ ਜਾਂਦੇ ਹਨ ਤਾਂ ਉਸਦੀ ਕੀਤੀ ਗਈ ਪੱਦ ਉਨਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ।
5. ਕਰਮਚਾਰੀ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਕਰਮਚਾਰੀਆਂ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁੰਦਾ ਤਾਂ ਕਰਮਚਾਰੀ ਨੂੰ ਭਵਿਖ ਵਿਚ ਇਸ ਤਰਕੀ ਤੇ ਵਿਚਾਰਨ ਹਿਤ 2 ਸਾਲ ਦੇ ਸਮੇਂ ਲਈ ਡੀਬਾਰ ਕੀਤਾ ਜਾਵੇਗਾ।
6. ਜੇਕਰ ਉਪਰੋਕਤ ਕਰਮਚਾਰੀ ਦੀ ਤਰੱਕੀ ਨਾਂ ਹੁੰਦੀ ਤਾਂ ਇਸ ਕਰਮਚਾਰੀ ਨੇ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਅਸਾਮੀ ਤੇ ਹੀ ਕੰਮ ਕਰਦੇ ਰਹਿਣਾ ਸੀ।

29/4/15

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**

ਪਿੱਠ ਅੰ:ਨੰ:4ਐਮ.ਈ.2-ਪੰ:15/ ਮਿਤੀ ਚੰਡੀਗੜ੍ਹ:-

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ, ਕਰਮਚਾਰੀ ਦੇ ਤੱਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਸੰਬਧੀ ਰਵਾਨਗੀ/ ਹਾਜਰੀ ਰਿਪੋਟ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਜੇਕਰ ਕਰਮਚਾਰੀ/ ਕਰਮਚਾਰਣ ਮਿੱਥੇ ਸਮੇਂ ਦੇ ਅੰਦਰ-2 ਹਾਜਰ ਨਹੀਂ ਹੁੰਦਾਂ ਤਾਂ ਇਹ ਰਿਪੋਰਟ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ:-

1. ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ।
2. ਮੈਡੀਕਲ ਸੁਪਰਡੰਟ, ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿੰਤਸਰ।
3. [illegible]ਮਚਾਰੀਆਂ ਨੂੰ ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**